Information for Parents

ਫ਼ਰਕ ਪੈਦਾ ਕਰਨਾ

# ਸਿੱਖਿਆ ਵਿੱਚ ਨਵੀਂ ਟੈਕਨਾਲੋਜੀ









ਬੱਚਿਆਂ ਦੇ ਜੀਵਨ 'ਤੇ ਮਾਤਾਪਿਤਾ, ਕੇਅਰਰਾਂ (ਦੇਖਭਾਲ ਕਰਨ ਵਾਲਿਆਂ) ਅਤੇ ਪਰਿਵਾਰ ਦੇ ਮੈਂਬਰਾਂ ਦਾ ਸਭ ਤੋਂ ਵੱਧ ਪ੍ਰਭਾਵ ਹੁੰਦਾ ਹੈ। ਅਸੀਂ ਇੱਕ ਤੇਜ਼ੀ ਨਾਲ ਬਦਲਦੀ ਹੋਈ ਦੁਨੀਆ ਵਿੱਚ ਰਹਿ ਰਹੇ ਹਾਂ ਜਿੱਥੇ ਕੰਪਿਊਟਰ ਅਤੇ ਨਵੀਂ ਟੈਕਨਾਲੋਜੀ ਦੀਆਂ ਦੂਜੀਆਂ ਕਿਸਮਾਂ ਹਰ ਰੋਜ਼ ਦੇ ਜੀਵਨ ਦਾ ਇੱਕ ਮਹੱਤਵਪੂਰਨ ਹਿੱਸਾ ਹਨ। ਇਹ ਹਰ ਜਗ੍ਹਾ 'ਤੇ ਹੈ - ਘਰਾਂ ਵਿੱਚ, ਸਕੂਲਾਂ ਵਿੱਚ, ਕੰਮ ਕਰਨ ਦੀ ਜਗ੍ਹਾ 'ਤੇ, ਦੁਕਾਨਾਂ ਵਿੱਚ ਅਤੇ ਸੜਕਾਂ 'ਤੇ ਵੀ। ਬੱਚਿਆਂ ਵਿੱਚ ਸੁਭਾਵਕ ਤੌਰ 'ਤੇ ਨਵੀਂ ਟੈਕਨਾਲੋਜੀ ਬਾਰੇ ਉਤਸੁਕਤਾ ਅਤੇ ਉਤਸ਼ਾਹ ਹੁੰਦਾ ਹੈ, ਅਤੇ ਇਸ ਨਾਲ ਉਨ੍ਹਾਂ ਦੀ ਸਿੱਖਿਆ ਅਤੇ ਸਮਝ ਵਿੱਚ ਸੱਚਮੁੱਚ ਮਦਦ ਮਿਲ ਸਕਦੀ ਹੈ। ਛੋਟੀ ਉਮਰ ਤੋਂ ਹੀ ਆਪਣੇ ਬੱਚੇ ਨੂੰ ਇਸ ਬਾਰੇ ਜਾਣਕਾਰੀ ਲੈਣ ਅਤੇ ਇਸ ਵਿੱਚ ਵਿਸ਼ਵਾਸ ਪੈਦਾ ਕਰਨ ਲਈ ਉਤਸ਼ਾਹਿਤ ਕਰ ਕੇ ਤੁਸੀਂ ਉਸਦੀ ਪੜ੍ਹਾਈ ਵਿੱਚ ਸਹਾਇਤਾ ਕਰ ਸਕਦੇ ਹੋ। ਹੋ ਸਕਦਾ ਹੈ ਤੁਸੀਂ ਖ਼ੁਦ ਸਕੂਲ ਵਿੱਚ ਇਸਦਾ ਅਨੁਭਵ ਨਹੀਂ ਲਿਆ ਹੋਵੇਗਾ ਪਰ ਇਸ ਤੋਂ ਡਰਨ ਦੀ ਲੋੜ ਨਹੀਂ ਹੈ ਅਤੇ ਮਦਦ ਮਿਲ ਸਕਦੀ ਹੈ - ਇਸ ਪਤ੍ਰਿਕਾ ਦੇ ਪਿਛਲੇ ਪਾਸੇ ਕੁਝ ਸੰਪਰਕ ਹਨ।









## ਸਾਡਾ ਭਾਵ ਸਿਰਫ਼ ਕੰਪਿਊਟਰਾਂ ਤੋਂ ਵੱਧ ਕੇ ਹੈ!

ਸਕੂਲਾਂ ਵਿੱਚ ਅਕਸਰ ਇਨਫ਼ਾੱਰਮੇਸ਼ਨ ਐਂਡ ਕਮਿਊਨਿਕੇਸ਼ੰਜ਼ ਟੈਕਨਾਲੋਜੀ (ਸੰਖੇਪ ਵਿੱਚ 'ICT') ਦਾ ਨਾਮ ਲਿਆ ਜਾਂਦਾ ਹੈ। ਇਹ ਸਿਰਫ਼ ਕੰਪਿਊਟਰਾਂ ਬਾਰੇ ਨਹੀਂ ਹੈ - ਇਸਦਾ ਸੰਬੰਧ ਉਨ੍ਹਾਂ ਵੱਖ-ਵੱਖ ਤਰ੍ਹਾਂ ਦੀਆਂ ਬਹੁਤ ਸਾਰੀਆਂ ਨਵੀਆਂ ਟੈਕਨਾਲੋਜੀਆਂ ਨਾਲ ਹੈ ਜਿਨ੍ਹਾਂ ਦੀ ਵਰਤੋਂ ਅਸੀਂ ਜਾਣਕਾਰੀ ਤਕ ਪਹੁੰਚਣ ਅਤੇ ਜਾਣਕਾਰੀ ਨੂੰ ਵਰਤਨ ਅਤੇ ਇਲੈਕਟ੍ਰੋਨਿਕ ਤਰੀਕੇ ਨਾਲ ਗੱਲਬਾਤ ਕਰਨ ਲਈ ਕਰਦੇ ਹਾਂ। ਇਸ ਵਿੱਚ ਕੰਪਿਊਟਰ, ਇੰਟਰਨੇਟ ਅਤੇ ਈ-ਮੇਲ ਤਾਂ ਸ਼ਾਮਲ ਹੈ ਹੀ, ਨਾਲ ਹੀ ਮੋਬਾਈਲ ਫ਼ੋਨ, ਡਿਜਿਟਲ ਕੈਮਰੇ, ਕੈਮਕਾੱਡਰ, MP3 ਪਲੇਅਰ, ਆਈਪੋਡ (iPods) ਆਦਿ ਵੀ ਸ਼ਾਮਲ ਹਨ।

# ਸਕੂਲ ਕੀ ਕਰ ਰਹੇ ਹਨ?

ਸਕੂਲ ਵਿੱਚ ਤੁਹਾਡਾ ਬੱਚਾ ICT **ਬਾਰੇ** ਸਿੱਖੇਗਾ - ਟੈਕਨਾਲੋਜੀ ਨੂੰ ਕਿਵੇਂ ਵਰਤਨਾ ਹੈ - ਪਰ ਉਹ ICT ***ਦੇ ਦੁਆਰਾ*** ਵੀ ਸਿੱਖਣਗੇ - ਉਦਾਹਰਨ ਲਈ ਕਿਸੇ ਵਿਸ਼ੇ ਬਾਰੇ ਵੱਧ ਜਾਣਕਾਰੀ ਲੈਣ ਲਈ ਇੰਟਰਨੇਟ ਦੀ ਵਰਤੋਂ ਕਰਨੀ, ਜਾਂ ਵੀਡਿਓ-ਕਾਨਫ੍ਰੈਂਸਿੰਗ ਦੇ ਮਾਧਿਅਮ ਨਾਲ ਦੂਸਰੇ ਦੇਸ਼ ਵਿੱਚ ਬੱਚਿਆਂ ਨਾਲ ਗੱਲ ਕਰਨੀ।

ਬਹੁਤ ਸਾਰੇ ਸਕੂਲਾਂ ਵਿੱਚ ਹੁਣ ਇੰਟਰਨੇਟ ਅਤੇ ਈ-ਮੇਲ ਤਕ ਪਹੁੰਚ ਵਾਲੇ ਕੰਪਿਊਟਰਾਂ ਦੇ ਇਲਾਵਾ ਇੰਟਰਏਕਟਿਵ ਵ੍ਹਾਈਟਬੋਰਡ, ਡਿਜਿਟਲ ਵੀਡਿਓ ਕੈਮਰੇ ਅਤੇ ਦੂਸਰੇ ਆਧੁਨਿਕ ਉਪਕਰਣ ਵੀ ਹਨ। ਇਨ੍ਹਾਂ ਦੀ ਵਰਤੋਂ ਪੂਰੇ ਪਾਠਕ੍ਰਮ ਵਿੱਚ ਵੱਖ-ਵੱਖ ਤਰੀਕਿਆਂ ਨਾਲ ਤੁਹਾਡੇ ਬੱਚੇ ਦੀ ਸਿੱਖਿਆ ਵਿੱਚ ਸਹਾਇਤਾ ਕਰਨ ਅਤੇ ਸਿੱਖਿਆ ਦਾ ਵਿਸਤਾਰ ਕਰਨ ਲਈ ਕੀਤੀ ਜਾਂਦੀ ਹੈ। ਇਸਦੀ ਉਦਾਹਰਨਾਂ ਵਿੱਚ ਲੈਸਨ, ਘਰ ਲਈ ਕੰਮ ਅਤੇ ਦੁਹਰਾਈ ਲਈ ਇੰਟਰਨੇਟ ਦੀ ਵਰਤੋਂ ਕਰਨ ਤੋਂ ਲੈ ਕੇ ਪੜ੍ਹਾਈ ਵਿੱਚ ਬੱਚਿਆਂ ਦੀ ਮਦਦ ਕਰਨ ਲਈ ਕੁਝ ਸਕੂਲਾਂ ਦੁਆਰਾ ਆਈਪੋਡ ਅਤੇ ਵੈਬਲਾੱਗਾਂ (ਵੈਬ 'ਤੇ ਅਧਾਰਤ ਡਾਇਰੀਆਂ) ਦੀ ਵਰਤੋਂ ਕਰਨਾ ਤਕ ਸ਼ਾਮਲ ਹਨ।

# ਮੇਰੇ ਬੱਚੇ ਨੂੰ ਕਿਵੇਂ ਫ਼ਾਇਦਾ ਹੋਵੇਗਾ?

ਕੰਪਿਊਟਰਾਂ ਅਤੇ ICT ਦੁਆਰਾ ਪੜ੍ਹਾਈ ਨਾਲ ਹੇਠਾਂ ਲਿਖੇ ਫ਼ਾਇਦੇ ਹੋ ਸਕਦੇ ਹਨ:

- ਕਲਾਸਰੂਮ ਵਿੱਚ ਉਹ ਵਧੇਰੇ ਪ੍ਰੇਰਿਤ ਰਹਿੰਦੇ ਹਨ
- ਸਕੂਲ ਦੇ ਅੰਦਰ ਅਤੇ ਬਾਹਰ, ਦੋਵਾਂ ਜਗ੍ਹਾ 'ਤੇ ਪੜ੍ਹਾਈ ਲਈ ਉਨ੍ਹਾਂ ਦਾ ਉਤਸ਼ਾਹ ਵੱਧਦਾ ਹੈ
- ਤੁਹਾਡੇ ਬੱਚੇ ਨੂੰ ਦੂਸਰਿਆਂ ਨਾਲ ਆਪਣੇ ਵਿਚਾਰ ਅਤੇ ਕੰਮ ਸਾਂਝੇ ਕਰਨ ਲਈ ਉਤਸ਼ਾਹ ਮਿਲਦਾ ਹੈ
- ਉਨ੍ਹਾਂ ਨੂੰ ਅਜਿਹਾ ਉੱਚੇ ਪੱਧਰ ਦਾ ਕੰਮ ਕਰਨ ਵਿੱਚ ਮਦਦ ਮਿਲਦੀ ਹੈ ਜਿਸ 'ਤੇ ਉਨ੍ਹਾਂ ਨੂੰ ਮਾਣ ਹੋਵੇ
- ਉਨ੍ਹਾਂ ਦੇ ਗੱਲਬਾਤ ਕਰਨ ਨਾਲ ਸੰਬੰਧਤ ਹੁਨਰਾਂ ਵਿੱਚ ਸੁਧਾਰ ਹੁੰਦਾ ਹੈ
- ਉਨ੍ਹਾਂ ਨੂੰ ਵਧੇਰੇ ਆਤਮਨਿਰਭਰ ਬਣਨ ਵਿੱਚ ਮਦਦ ਮਿਲਦੀ ਹੈ
- ਉਨ੍ਹਾਂ ਨੂੰ ਵਧੇਰੇ ਰਚਨਾਤਮਕ ਬਣਨ ਲਈ ਉਤਸ਼ਾਹ ਮਿਲਦਾ ਹੈ
- ਉਨ੍ਹਾਂ ਵਿੱਚ ਅਜਿਹੇ ਹੁਨਰ ਵਿਕਸਿਤ ਹੁੰਦੇ ਹਨ ਜਿਨ੍ਹਾਂ ਦੀ ਉਨ੍ਹਾਂ ਨੂੰ ਕੰਮ ਦੀ ਦੁਨੀਆਂ ਵਿੱਚ ਲੋੜ ਪਵੇਗੀ।



# ਮੈਂ ਕੀ ਕਰ ਸਕਦਾ/ਸਕਦੀ ਹਾਂ?

ਰੋਜ਼ਾਨਾ ਦੇ ਜੀਵਨ ਵਿੱਚ ਉਦਾਹਰਨਾਂ ਵੱਲ ਇਸ਼ਾਰਾ ਕਰਕੇ ਅਤੇ ਆਪਣੇ ਬੱਚੇ ਨੂੰ ਨਵੀਂ ਟੈਕਨਾਲੋਜੀ ਦਾ ਪ੍ਰਯੋਗ ਕਰਨ ਲਈ ਉਤਸ਼ਾਹ ਦੇ ਕੇ ਤੁਸੀਂ ਉਨ੍ਹਾਂ ਦੇ ਆਸ-ਪਾਸ ਦੀ ਟੈਕਨਾਲੋਜੀ ਬਾਰੇ ਜਾਣਕਾਰ ਹੋਣ ਵਿੱਚ ਉਨ੍ਹਾਂ ਦੀ ਮਦਦ ਕਰ ਸਕਦੇ ਹੋ। ਛੋਟੇ ਬੱਚਿਆਂ ਲਈ, ਸ਼ਾੱਪਿੰਗ ਸੈਂਟਰ ਜਾਣ ਨਾਲ ਹੇਠਾਂ ਲਿਖੇ ਮੌਕੇ ਮਿਲ ਸਕਦੇ ਹਨ:

- ਟ੍ਰੈਫ਼ਿਕ ਲਾਈਟਾਂ ਅਤੇ ‘ਗ੍ਰੀਨ ਮੈਨ’ ਚੌਂਕ
- ਸੁਪਰਮਾਰਕੀਟ ਸਕੈਨਰ
- ਲਿਫ਼ਟਾਂ ਅਤੇ ਏਸਕਲੇਟਰ (ਆਪਣੇ-ਆਪ ਚੱਲਣ ਵਾਲੀਆਂ ਪੌੜੀਆਂ)
- ਕੈਸ਼ ਡਿਸਪੈਂਸਰ ਮਸ਼ੀਨਾਂ
- ਫ਼ੋਟੋ ਬੂਥ।

ਘਰ ਵਿੱਚ ਤੁਸੀਂ ਟੈਕਨਾਲੋਜੀ ਦੀ ਵਰਤੋਂ ਕਰਨ ਬਾਰੇ ਸਿੱਖਣ ਵਿੱਚ ਆਪਣੇ ਬੱਚੇ ਦੀ ਮਦਦ ਕਰ ਸਕਦੇ ਹੋ ਜਿਵੇਂ ਕਿ:

- ਕੰਪਿਊਟਰ
- DVD ਪਲੇਅਰ
- ਡਿਜਿਟਲ ਟੀਵੀ
- ਡਿਜਿਟਲ ਕੈਮਰੇ
- ਮੋਬਾਈਲ ਫ਼ੋਨ
- ਮਾਈਕ੍ਰੋਵੇਵ ਓਵਨ।

ਇਨ੍ਹਾਂ ਨਵੀਆਂ ਟੈਕਨਾਲੋਜੀਆਂ ਬਾਰੇ ਤੁਹਾਡਾ ਬੱਚੇ ਨੂੰ ਸ਼ਾਇਦ ਤੁਹਾਡੇ ਤੋਂ ਵੱਧ ਜਾਣਕਾਰੀ ਹੋਵੇ, ਇਸ ਲਈ ਕਿਉਂ ਨਾ ਉਸਨੂੰ ਕਹੋ ਕਿ ਉਹ ਤੁਹਾਨੂੰ ਚੀਜ਼ਾਂ ਦਿਖਾਏ ਅਤੇ ਉਨ੍ਹਾਂ ਦੇ ਬਾਰੇ ਦੱਸੇ, ਉਪਕਰਣ ਸਥਾਪਤ ਕਰਨ ਵਿੱਚ ਤੁਹਾਡੀ ਮਦਦ ਕਰੇ ਜਿਵੇਂ ਕਿ DVD ਪਲੇਅਰ, ਤੁਹਾਡੇ ਮੋਬਾਈਲ ਫ਼ੋਨ ਨੂੰ ਚਲਾਉਣ ਬਾਰੇ ਦੱਸੇ ਅਤੇ ਅਜਿਹੀਆਂ ਹੀ ਦੂਜੀਆਂ ਗੱਲਾਂ? ਇਕੱਠੇ ਮਿਲ ਕੇ ਸਿੱਖਣ ਨਾਲ ਤੁਹਾਨੂੰ ਦੋਨਾਂ ਨੂੰ ਫ਼ਾਇਦਾ ਹੋਵੇਗਾ!

ਹਾਲ ਵਿੱਚ ਕੀਤੇ ਗਏ ਇੱਕ ਸਰਵੇਖਣ ਤੋਂ ਪਤਾ ਲੱਗਾ ਕਿ 90% ਸਕਾੱਟਿਸ਼ ਸਕੂਲੀ ਬੱਚੇ ਸਕੂਲ ਦੇ ਬਾਹਰ ਕੰਪਿਊਟਰ ਵਰਤਦੇ ਸਨ ਅਤੇ ਉਨ੍ਹਾਂ ਵਿਚੋਂ ਜ਼ਿਆਦਾਤਰ ਨੇ ਕਿਹਾ ਕਿ ਘਰ ਵਿੱਚ ਉਨ੍ਹਾਂ ਕੋਲ ਕੰਪਿਊਟਰ ਹੈ।



ਜੇ ਤੁਹਾਡੇ ਕੋਲ ਘਰ ਵਿੱਚ ਕੰਪਿਊਟਰ ਹੈ, ਤਾਂ ਆਪਣੇ ਬੱਚੇ ਨੂੰ ਉਤਸ਼ਾਹਿਤ ਕਰੋ ਕਿ ਉਹ ਆਪਣੇ ਘਰ ਲਈ ਮਿਲੇ ਕੰਮ ਅਤੇ ਦੁਹਰਾਈ ਵਿੱਚ ਮਦਦ ਲਈ ਇਸਨੂੰ ਵਰਤੇ, ਗੱਲ ਕਰੋ ਕਿ ਉਹ ਕੀ ਕਰ ਰਹੇ ਹਨ ਅਤੇ ਕਿਸੇ ਵੀ ਸਮੱਸਿਆਵਾਂ ਵਿੱਚ ਮਦਦ ਕਰਨ ਲਈ ਤਿਆਰ ਰਹੋ। ਯਕੀਨੀ ਬਣਾਓ ਕਿ ਤੁਹਾਨੂੰ ਅਤੇ ਤੁਹਾਡੇ ਬੱਚੇ ਨੂੰ ਜਾਣਕਾਰੀ ਹੈ ਇੰਟਰਨੇਟ ਦੀ ਸੁਰੱਖਿਅਤ ਵਰਤੋਂ ਕਿਵੇਂ ਕਰਨੀ ਹੈ। ਆਪਣੇ ਘਰ ਵਿੱਚ ਕੰਪਿਊਟਰ ਲਈ ਸਭ ਤੋਂ ਸਹੀ ਸਥਾਨ ਬਾਰੇ ਸੋਚੋ, ਜਿਸ ਨਾਲ ਇਹ ਯਕੀਨੀ ਬਣਾਇਆ ਜਾ ਸਕੇ ਕਿ ਤੁਸੀਂ ਤੁਹਾਡੇ ਬੱਚੇ ਦੁਆਰਾ ਕੰਪਿਊਟਰ ’ਤੇ ਬਿਤਾਏ ਗਏ ਸਮੇਂ ਅਤੇ ਉਸ ਦੁਆਰਾ ਇੰਟਰਨੇਟ ਦੀ ਵਰਤੋਂ ਦੀ ਅਸਾਨੀ ਨਾਲ ਨਿਗਰਾਨੀ ਕਰ ਸਕੋ।

ਕੰਪਿਊਟਰ ਸਿਖਲਾਈ ਲਈ ਆਪਣੀ ਸਥਾਨਕ ਲਾਇਬ੍ਰੇਰੀ, ਕਾਲਿਜ ਜਾਂ ਲਰਨ ਡਾਇਰੈਕਟ ਨੂੰ ਸੰਪਰਕ ਕਰੋ। ਕੰਪਿਊਟਰਾਂ, ਸੌਫ਼ਟਵੇਅਰਾਂ ਅਤੇ ਇੰਟਰਨੇਟ ਬਾਰੇ ਸਲਾਹ ਮਾਤਾਪਿਤਾ ਲਈ ਜਾਣਕਾਰੀ ਨੈਟਵਰਕ (ਪੇਰੇਂਟ ਇਨਫ਼ਾੱਰਮੇਸ਼ਨ ਨੈਟਵਰਕ) ਦੀ ਵੈਬਸਾਈਟ ’ਤੇ ਮਿਲ ਸਕਦੀ ਹੈ। ਸੰਪਰਕ ਦੀ ਜਾਣਕਾਰੀ ਇਸ ਪਤ੍ਰਿਕਾ ਦੇ ਪਿੱਛੇ ਦਿੱਤੀ ਗਈ ਹੈ। ਘਰ ਵਿੱਚ ਤੁਸੀਂ ਆਪਣੇ ਬੱਚੇ ਦੀ ਕਿਵੇਂ ਮਦਦ ਕਰ ਸਕਦੇ ਹੋ, ਇਸ ਬਾਰੇ ਵਧੇਰੇ ਜਾਣਕਾਰੀ ਲਈ ਸਕੂਲ ਨੂੰ ਸੰਪਰਕ ਕਰੋ।

## ਜੇ ਘਰ ਵਿੱਚ ਸਾਡੇ ਕੋਲ ਕੰਪਿਊਟਰ ਨਾ ਹੋਵੇ, ਤਾਂ ਮੇਰਾ ਬੱਚਾ ਕੰਪਿਊਟਰ ਕਿਵੇਂ ਵਰਤ ਸਕਦਾ ਹੈ?

ਜੇ ਘਰ ਵਿੱਚ ਤੁਹਾਡੇ ਕੋਲ ਕੰਪਿਊਟਰ ਨਹੀਂ ਹੈ, ਤਾਂ ਤੁਹਾਡਾ ਬੱਚਾ ਕਿਸੇ ਦੋਸਤ ਜਾਂ ਰਿਸ਼ਤੇਦਾਰ ਦੇ ਘਰ ਵਿੱਚ, ਸਕੂਲ ਦੇ ਸਮੇਂ ਦੇ ਬਾਅਦ ਦੇ ਕਿਸੇ ਕਲੱਬ ਵਿੱਚ, ਕਿਸੇ ਕਮਿਊਨਿਟੀ ਸੈਂਟਰ ਵਿੱਚ, ਕਿਸੇ ਇੰਟਰਨੇਟ ਕੈਫ਼ੇ ਵਿੱਚ ਜਾਂ ਸਥਾਨਕ ਲਾਇਬ੍ਰੇਰੀ ਵਿੱਚ ਕੰਪਿਊਟਰ ਵਰਤ ਸਕਦਾ ਹੈ। ਆਮ ਤੌਰ ’ਤੇ ਲਾਇਬ੍ਰੇਰੀ ਵਿੱਚ ਇੰਟਰਨੇਟ ਤਕ ਮੁਫ਼ਤ ਅਤੇ ਸੁਰੱਖਿਅਤ ਪਹੁੰਚ ਅਤੇ ਇੰਟਰਨੇਟ ਦੀ ਵਰਤੋਂ ਕਰਨ ਵਿੱਚ ਮਦਦ ਪੇਸ਼ ਕੀਤੀ ਜਾਂਦੀ ਹੈ।

ਜੇ ਤੁਹਾਨੂੰ ਕੰਪਿਊਟਰ ਵਰਤਨਾ ਨਹੀਂ ਆਉਂਦਾ ਹੈ, ਤਾਂ ਸਿੱਖਣ ਲਈ ਕਦੀਂ ਵੀ ਦੇਰ ਨਹੀਂ ਹੁੰਦੀ ਹੈ! ਤੁਸੀਂ ਆਪਣੀ ਲਾਇਬ੍ਰੇਰੀ ਵਿੱਚ ਜਾ ਸਕਦੇ ਹੋ, ਕਿਸੇ ਈਵਨਿੰਗ ਕਲਾਸ ਵਿੱਚ ਨਾਮ ਲਿਖਾ ਸਕਦੇ ਹੋ ਜਾਂ ਆਪਣੇ ਬੱਚੇ ਦੇ ਨਾਲ ਬੈਠ ਸਕਦੇ ਹੋ... ਅਤੇ ਇਕੱਠੇ ਮਿਲ ਕੇ ਸਿੱਖ ਸਕਦੇ ਹੋ।

ਕੰਪਿਊਟਰਾਂ ਅਤੇ ਦੂਸਰੀ ਨਵੀਂ ਟੈਕਨਾਲੋਜੀ ਦੇ ਨਾਲ ਸਿੱਖਣ ਬਾਰੇ ਜਾਂ ਸਕਾੱਟਿਸ਼ ਐਜੂਕੇਸ਼ਨ ਦੇ ਕਿਸੇ ਵੀ ਪਹਿਲੂ ਬਾਰੇ ਵਧੇਰੇ ਜਾਣਕਾਰੀ ਤੁਹਾਨੂੰ ਪੇਰੇਂਟਜ਼ੋਨ ’ਤੇ ਮਿਲ ਸਕਦੀ ਹੈ।
**www.parentzonescotland.gov.uk**

# ਉਪਯੋਗੀ ਲਿੰਕ ਅਤੇ ਸੰਪਰਕ

**ਪੇਰੇਂਟਜ਼ੋਨ (Parentzone)** www.parentzonescotland.gov.uk

**ਲਰਨ ਡਾਇਰੈਕਟ ਕੰਪਿਊਟਰ ਟ੍ਰੇਨਿੰਗ ਕੋਰਸ**
**(Learn Direct Computer training courses)** www.learndirectscotland.com
ਟੈਲੀਫ਼ੋਨ: 0808 100 9000

**ਮਾਤਾਪਿਤਾ ਲਈ ਜਾਣਕਾਰੀ ਦਾ ਨੈਟਵਰਕ (Parents Information Network)**
(ਕੰਪਿਊਟਰਾਂ ਅਤੇ ਸੌਫ਼ਟਵੇਅਰਾਂ ਬਾਰੇ ਜਾਣਕਾਰੀ) www.pin.org.uk

**ਇੰਟਰਨੇਟ ਦੀ ਸੁਰੱਖਿਅਤ ਵਰਤੋਂ (Safe use of the internet)**
www.chatsafer.co.uk
www.parentscentre.gov.uk/usingtheinternet/internetsafety
www.nch.org.uk/information/index.php?i=134

**ਇੰਟਰਨੇਟ ਦੀ ਵਰਤੋਂ ਕਰਨ ਬਾਰੇ ਜਾਣਕਾਰੀ (Guide to using the internet)** www.bbc.co.uk/webwise

**ਸਟੈਂਡਰਡ ਗ੍ਰੇਡ ਅਤੇ ਉੱਚੀ ਦੁਹਰਾਈ ਸਮੱਗਰੀ (Standard Grade and Higher revision material)**
www.bbc.co.uk/scotland/education/bitesize

**ਵਾਧੂ ਸਹਾਇਤਾ ਨਾਲ ਸੰਬੰਧਤ ਲੋੜਾਂ ਲਈ ਵਿਸ਼ੇਸ਼ ਟੈਕਨਾਲੋਜੀ**
**(Specialist technology for additional support needs)** www.callcentre.education.ed.ac.uk
ਟੈਲੀਫ਼ੋਨ: 0131 651 6235

**ਬੀਬੀਸੀ ਪੇਰੇਂਟਸ (BBC Parents)** www.bbc.co.uk/schools/parents

**ਚਾਈਲਡਕੇਅਰ ਲਿੰਕ (Childcare Link)**
ਟੈਲੀਫ਼ੋਨ: 0800 096 0296 www.childcarelink.gov.uk

**ਵਨ ਪੇਰੇਂਟ ਫ਼ੈਮਿਲੀਜ਼ ਸਕਾੱਟਲੈਂਡ (One Parent Families Scotland)**
ਟੈਲੀਫ਼ੋਨ: 0800 018 5026 www.opfs.org.uk

**ਪੇਰੇਂਟਸ ਸੈਂਟਰ (Parentscentre)** www.parentscentre.gov.uk

**ਪੇਰੇਂਟਲਾਈਨ ਸਕਾੱਟਲੈਂਡ (ParentLine Scotland)**
ਟੈਲੀਫ਼ੋਨ: 0808 800 2222 www.children1st.org.uk/parentline

**ਪੇਰੇਂਟ ਨੈਟਵਰਕ ਸਕਾੱਟਲੈਂਡ (Parent Network Scotland)**
ਟੈਲੀਫ਼ੋਨ: 0131 555 6780 www.parentnetworkscotland.org.uk

**ਪੁੱਛਗਿੱਛ (Enquire)** (ਸਿੱਖਿਆ ਵਿੱਚ ਵਾਧੂ ਸਹਾਇਤਾ ਲਈ ਸਕਾੱਟਿਸ਼ ਅਡਵਾਇਸ ਸਰਵਿਸ)
ਹੈਲਪਲਾਈਨ: 0845 123 23 03 ਟੈਕਸਟਫ਼ੋਨ: 0131 222 2439 www.enquire.org.uk

ਇਹ ਪਤ੍ਰਿਕਾ ਇੱਕ ਲੜੀ ਵਿੱਚ ਨੌਵੀਂ ਹੈ ਜਿਸ ਵਿੱਚ ਉਸ ਵਾਸਤਵਿਕ ਫ਼ਰਕ ਬਾਰੇ ਦੱਸਿਆ ਗਿਆ ਹੈ ਜੋ ਮਾਤਾਪਿਤਾ ਆਪਣੇ ਬੱਚਿਆਂ ਦੀ ਪੜ੍ਹਾਈ ਵਿੱਚ ਲਿਆ ਸਕਦੇ ਹਨ ਅਤੇ ਲਿਆਉਂਦੇ ਹਨ। ਤੁਹਾਡੇ ਬੱਚੇ ਦੇ ਸਕੂਲ ਵਿੱਚ ਵਿਹਾਰਕ ਪ੍ਰਬੰਧਾਂ ਬਾਰੇ ਤੁਹਾਨੂੰ ਜੋ ਸਥਾਨਕ ਸਲਾਹ ਮਿਲੇਗੀ, ਉਸਦੇ ਨਾਲ-ਨਾਲ ਇਹ ਲੜੀ ਤੁਹਾਨੂੰ, ਆਪਣੇ ਬੱਚੇ ਦੀ ਸਿੱਖਿਆ ਵਿੱਚ ਵਧੇਰੇ ਚੰਗੀ ਤਰ੍ਹਾਂ ਨਾਲ ਸ਼ਾਮਲ ਹੋਣ ਵਿੱਚ ਤੁਹਾਡੀ ਮਦਦ ਕਰਨ ਲਈ ਜਾਣਕਾਰੀ ਦਵੇਗੀ। ਪ੍ਰਕਾਸ਼ਿਤ ਕੀਤੀਆਂ ਗਈਆਂ ਹੋਰ ਪਤ੍ਰਿਕਾਵਾਂ ਹੋਮਵਰਕ, ਜਾਣਕਾਰੀ ਵੰਡਣ, ਪੇਰੇਂਟਸ ਈਵਨਿੰਗਜ਼, ਸਕੂਲ ਦੀਆਂ ਛੁੱਟੀਆਂ, ਸਕੂਲ ਦੇ ਨਵੇਂ ਸਾਲ ਦੀ ਸ਼ੁਰੂਆਤ, ਸਿਹਤਮੰਦ ਚੋਣਾਂ, ਸਕੂਲ ਤੋਂ ਬਾਹਰ ਦੀ ਸਿੱਖਿਆ ਵਿੱਚ ਸਾਹਸ ਬਾਰੇ ਹਨ। ਇਸ ਲੜੀ ਵਿੱਚ ਇਨ੍ਹਾਂ ਵਿਸ਼ਿਆਂ 'ਤੇ ਸਕੂਲਾਂ ਅਤੇ ਟੀਚਰਾਂ ਲਈ ਵੀ ਸਮੱਗਰੀ ਸ਼ਾਮਲ ਹੈ।

ਜੇ ਤੁਸੀਂ ਸਾਡੇ ਨਾਲ ਸੰਪਰਕ ਕਰਨਾ ਚਾਹੋ, ਜਾਂ ਭਵਿੱਖ ਵਿੱਚ ਆਉਣ ਵਾਲੀਆਂ ਪਤ੍ਰਿਕਾਵਾਂ ਲਈ ਵਿਸ਼ਿਆਂ ਬਾਰੇ ਸੁਝਾਉ ਦੇਣਾ ਚਾਹੋ, ਤਾਂ ਕ੍ਰਿਪਾ ਕਰਕੇ www.parentzonescotland.gov.uk 'ਤੇ ਜਾਓ ਜਾਂ 0131 244 0956 'ਤੇ ਫ਼ੋਨ ਕਰੋ। ਇਹ ਪਤ੍ਰਿਕਾ ਤੁਹਾਡੇ ਬੱਚੇ ਦੇ ਸਕੂਲ ਤੋਂ ਅਤੇ ਪੇਰੇਂਟਜ਼ੋਨ ਵੈਬਸਾਈਟ ਤੋਂ ਕਮਿਉਨਿਟੀ ਭਾਸ਼ਾਵਾਂ ਵਿੱਚ ਅਤੇ ਦੂਸਰੇ ਰੁਪਾਂਤਰਾਂ ਵਿੱਚ ਮਿਲ ਸਕੇਗੀ।

ਇਹ ਲੜੀ ਕਵਾਲਿਟੀ ਇਨ ਐਜੂਕੇਸ਼ਨ ਸੇਂਟਰ ( ਯੂਨੀਵਰਸਿਟੀ ਆੱਫ਼ ਸਟ੍ਰੈਥਕਲਾਈਡ) ਅਤੇ ਚਿਲਡ੍ਰਨ ਇਨ ਸਕੋਟਲੈਂਡ ਦੇ ਨਾਲ ਸਾਂਝੇਦਾਰੀ ਵਿੱਚ ਤਿਆਰ ਕੀਤੀ ਗਈ ਹੈ।

ਇਸ ਅਨੁਵਾਦ ਨੂੰ ਅਸਲੀ ਦਸਤਾਵੇਜ਼ ਦਾ ਬਿਲਕੁਲ ਸਹੀ ਚਿੱਤਰਨ (ਅਰਥ) ਮੰਨਿਆ ਗਿਆ ਹੈ।

qie Quality in Education — Children in Scotland Clann an Alba — SCOTTISH EXECUTIVE

Astron B45014 01-06 (Punjabi)